# ਜਨਮ ਤੋਂ ਪਹਿਲਾਂ ਦੀਆਂ ਕਲਾਸਾਂ

# ਜਨਮ ਤੋਂ ਬਾਅਦ ਦੀ ਸਹਾਇਤਾ

# ਛਾਤੀ ਦਾ ਦੁੱਧ ਚੁੰਘਾਉਣ ਬਾਰੇ ਸਹਾਇਤਾ

# ਕੌਫ਼ੀ ਮੋਰਨਿੰਗਾਂ

# ਨੀਅਰਲੀ ਨਿਊ ਸੇਲਜ਼


**ਲਿਸੈਸਟਰ NCT ਬ੍ਰਾਂਚ ਨਾਲ ਇਸ ਨੰਬਰ 'ਤੇ ਸੰਪਰਕ ਕਰੋ**

ਟੈਲੀਫ਼ੋਨ: 08442436185

**email:nctleicester@hotmail.com**


ਅਸੀਂ ਤੁਹਾਡੀ ਪ੍ਰਤਿਕ੍ਰਿਆ ਜਾਣਨ ਲਈ ਉਤਸੁਕ ਹਾਂ

## NCT ਦੀ ਗਰਭ ਅਤੇ ਜਨਮ ਬਾਰੇ ਲਾਈਨ

0300 330 0772 'ਤੇ ਫ਼ੋਨ ਕਰੋ

(ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 10 ਤੋਂ ਰਾਤ 8 ਵਜੇ ਤਕ)

ਆਪਣੇ ਗਰਭ ਜਾਂ ਤੁਹਾਡੇ ਬੱਚੇ ਦੇ ਜਨਮ ਨਾਲ ਸੰਬੰਧਤ ਮੁੱਦਿਆਂ ਬਾਰੇ ਜਨਮ ਤੋਂ ਪਹਿਲਾਂ ਦੇ ਯੋਗਤਾ ਪ੍ਰਾਪਤ ਅਧਿਆਪਕ ਨਾਲ ਗੱਲ ਕਰੋ

## NCT ਸ਼ੁਰੂਆਤੀ ਦਿਨਾਂ ਬਾਰੇ ਲਾਈਨ

0300 330 0773 'ਤੇ ਫ਼ੋਨ ਕਰੋ

(ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 11 ਤੋਂ ਦੁਪਹਿਰ 1 ਵਜੇ ਤਕ)

ਮਾਂ-ਬਾਪ ਬਣਨ ਅਤੇ ਨਵੇਂ ਬੱਚੇ ਦੇ ਨਾਲ ਜੀਵਨ ਵਿੱਚ ਦਾਖਲ ਹੋਣ ਨਾਲ ਜੁੜੇ ਭਾਵਨਾਤਮਕ, ਸਰੀਰਕ ਅਤੇ ਸਮਾਜਕ ਪਰਿਵਰਤਨਾਂ ਬਾਰੇ ਜਨਮ ਤੋਂ ਬਾਅਦ ਦੇ ਯੋਗਤਾ ਪ੍ਰਾਪਤ ਲੀਡਰ ਨਾਲ ਗੱਲ ਕਰੋ।

## NCT ਛਾਤੀ ਦਾ ਦੁੱਧ ਪਿਲਾਉਣ ਬਾਰੇ ਲਾਈਨ

0300 330 0771 'ਤੇ ਫ਼ੋਨ ਕਰੋ

(ਹਫ਼ਤੇ ਦੇ 7 ਦਿਨ, ਸਵੇਰੇ 8 ਤੋਂ ਰਾਤ 8 ਵਜੇ ਤਕ)

ਜੇ ਤੁਸੀਂ ਛਾਤੀ ਦਾ ਦੁੱਧ ਪਿਲਾਉਣ ਦੇ ਸੰਬੰਧ ਵਿੱਚ ਕੋਈ ਵੀ ਸਮਰਥਨ ਜਾਂ ਸਲਾਹ ਲੈਣੀ ਚਾਹੋ


© NCT 2010


Head Office: Alexandra House,
Oldham Terrace, Acton,
London W3 6NH
**www.nct.org.uk**
tel: 0300 330 0770
Registered Charity No: 801395

Images supplied by Morgan Green Photography
www.morgangreenphotography.co.uk




# ਅਜਿਹਾ ਮਾਪਾ ਬਣਨ ਵਿੱਚ ਤੁਹਾਡੀ ਸਹਾਇਤਾ ਕਰਨੀ ਜੋ ਤੁਸੀਂ ਬਣਨਾ ਚਾਹੁੰਦੇ ਹੋ

ਲਿਸੈਸਟਰ NCT ਬ੍ਰਾਂਚ

www.nct.org.uk/in-your-area/leicester





## ਅਸੀਂ ਕੌਣ ਹਾਂ?

ਲਿਸੈਸਟਰ NCT ਬ੍ਰਾਂਚ, ਮਾਪਿਆਂ ਲਈ ਯੂਕੇ ਦੀ ਸਭ ਤੋਂ ਵੱਡੀ ਚੈਰਿਟੀ ਦੀ ਸਰਗਰਮ ਦੋਸਤਾਨਾ ਵਾਲੰਟੀਅਰਾਂ ਦੁਆਰਾ ਚਲਾਈ ਜਾਂਦੀ ਬ੍ਰਾਂਚ ਹੈ। ਸਾਡੇ ਦਾਇਰੇ ਵਿੱਚ ਲਿਸੈਸਟਰ ਅਤੇ ਇਸਦੇ ਆਸ-ਪਾਸ ਦੇ ਇਲਾਕੇ ਆਉਂਦੇ ਹਨ। ਅਸੀਂ ਮਾਂ-ਬਾਪ ਬਣਨ ਦੀ ਪ੍ਰਕਿਰਿਆ ਨੂੰ ਜਿੰਨਾ ਸੰਭਵ ਹੋ ਸਕੇ ਮੁਸ਼ਕਲ ਰਹਿਤ ਅਤੇ ਮਜ਼ੇਦਾਰ ਬਣਾਉਣ ਦੇ ਲਈ ਮੌਜੂਦ ਹਾਂ। ਅਸੀਂ ਦੂਜੇ ਮਾਪਿਆਂ ਨੂੰ ਮਿਲਣ ਲਈ ਬਹੁਤ ਤਰ੍ਹਾਂ ਦੀ ਸਹਾਇਤਾ, ਜਾਣਕਾਰੀ ਅਤੇ ਮੌਕੇ ਪੇਸ਼ ਕਰਦੇ ਹਾਂ। NCT ਦੇ ਰਾਸ਼ਟਰੀ ਸ੍ਰੋਤਾਂ ਦੇ ਸਮਰਥਨ ਨਾਲ, ਅਸੀਂ ਤੁਹਾਨੂੰ ਉਹ ਸੇਵਾਵਾਂ ਦੇਣੀਆਂ ਚਾਹੁੰਦੇ ਹਾਂ ਜਿਨ੍ਹਾਂ ਦੀ ਤੁਹਾਨੂੰ ਸਭ ਤੋਂ ਵੱਧ ਲੋੜ ਹੈ। ਜੇ ਕੋਈ ਅਜਿਹੀ ਚੀਜ਼ ਹੈ ਜੋ ਤੁਸੀਂ ਮਹਿਸੂਸ ਕਰਦੇ ਹੋ ਕਿ ਸਾਨੂੰ ਪੇਸ਼ ਕਰਨੀ ਚਾਹੀਦੀ ਹੈ, ਤਾਂ ਸਾਨੂੰ ਦੱਸੋ। ਅਸੀਂ ਸਥਾਨਕ ਜਨਮ ਤੋਂ ਪਹਿਲਾਂ ਦੀਆਂ ਕਲਾਸਾਂ ਮੁਹੱਈਆ ਕਰਦੇ ਹਾਂ ਜੋ ਪੂਰੇ ਇਲਾਕੇ ਵਿੱਚ ਯੋਗਤਾ ਪ੍ਰਾਪਤ ਪੇਸ਼ਾਵਰਾਂ ਦੁਆਰਾ ਮੁਹੱਈਆ ਕੀਤੀਆਂ ਜਾਂਦੀਆਂ ਹਨ। ਸਾਡੇ ਅਧਿਆਪਕ ਅਤੇ ਕਾਉਂਸਲਰ NCT ਕੋਲੋਂ ਵਿਆਪਕ ਸਿਖਲਾਈ ਲੈਂਦੇ ਹਨ, ਹਾਲਾਂਕਿ ਆਮ ਤੌਰ 'ਤੇ ਉਹਨਾਂ ਕੋਲ ਕੋਈ ਡਾਕਟਰੀ ਯੋਗਤਾ ਨਹੀਂ ਹੁੰਦੀ ਹੈ। ਉਹ ਕੋਈ ਖ਼ਾਸ ਡਾਕਟਰੀ ਸਲਾਹ ਨਹੀਂ ਦਿੰਦੇ ਹਨ। ਮਾਪਿਆਂ ਨੂੰ ਕਿਹਾ ਜਾਂਦਾ ਹੈ ਉਹ ਇਹ ਪ੍ਰਸ਼ਨ ਆਪਣੇ ਸੰਬੰਧਤ ਸਿਹਤ ਪੇਸ਼ਾਵਰ ਕੋਲ ਲਿਜਾਉਣ।

ਜ਼ਿਆਦਾ ਜਾਣਕਾਰੀ ਲਈ ਜਾਂ ਬੁਕ ਕਰਨ ਲਈ:

ਟੈਲੀਫ਼ੋਨ: 0844 243 6185 (ਚੋਣ 6)

ਈਮੇਲ: bookings6b@nct.org.uk

## ਸਮਾਜਕ ਬਣਨਾ

ਅਸੀਂ ਜਿੰਨਾ ਜ਼ਿਆਦਾ ਸੰਭਵ ਹੋ ਸਕੇ ਮਾਤਾ/ਪਿਤਾ ਬਣਨ ਦੇ ਸਮਾਜਕ ਪਹਿਲੂ ਨੂੰ ਉਤਸ਼ਾਹਿਤ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਕਿਸੇ ਵੀ ਸਮੂਹ ਜਾਂ ਪ੍ਰੋਗਰਾਮ ਵਿੱਚ ਹਿੱਸਾ ਲੈਣ ਲਈ ਤੁਹਾਨੂੰ ਮੈਂਬਰ ਹੋਣ ਦੀ ਲੋੜ ਨਹੀਂ ਹੈ, ਅਸੀਂ ਤੁਹਾਡੇ ਲਈ ਮੌਜੂਦ ਹਾਂ। NCT ਵਾਲੰਟੀਅਰ ਨਿਯਮਿਤ ਤੌਰ 'ਤੇ ਪੂਰੇ ਸ਼ਹਿਰ ਵਿੱਚ ਕੌਫ਼ੀ ਮੀਟਿੰਗਾਂ ਆਯੋਜਿਤ ਕਰਦੇ ਹਨ। ਅਸੀਂ ਮਾਪਿਆਂ ਨੂੰ ਪਰਿਵਾਰਾਂ ਲਈ ਵੱਖ-ਵੱਖ ਸਮਾਜਕ ਮੇਲ-ਮਿਲਾਪਾਂ ਵਿੱਚ ਮਿਲਣ ਦਾ ਮੌਕਾ ਵੀ ਪੇਸ਼ ਕਰਦੇ ਹਾਂ। ਬੱਚਿਆਂ ਦੇ ਬਿਨਾਂ ਵੱਡਿਆਂ ਨਾਲ ਕੁਝ ਸਮਾਂ ਬਿਤਾਉਣ ਲਈ ਅਸੀਂ ਮੰਮੀਆਂ ਅਤੇ ਡੈਡੀਆਂ ਲਈ ਪ੍ਰੋਗਰਾਮ ਆਯੋਜਿਤ ਕਰਨ ਦੀ ਵੀ ਕੋਸ਼ਿਸ਼ ਕਰਦੇ ਹਾਂ।

ਵਧੇਰੇ ਜਾਣਕਾਰੀ ਲੈਣ ਲਈ ਸਾਡੀ facebook ਸਾਈਟ - NCT Leicester 'ਤੇ ਜਾਓ ਜਾਂ ਕਿਸੇ ਵੀ ਕੌਫ਼ੀ ਗਰੁੱਪ, ਸਮਾਰੋਹ ਜਾਂ ਕਮੇਟੀ ਮੀਟਿੰਗਾਂ ਵਿੱਚ ਆ ਕੇ ਸਾਨੂੰ ਮਿਲੋ।





## ਨੀਅਰਲੀ ਨਿਊ ਸੇਲਜ਼

ਲਿਸੈਸਟਰ NCT ਬ੍ਰਾਂਚ ਨਿਯਮਿਤ ਰੂਪ ਵਿੱਚ ਨੀਅਰਲੀ ਨਿਊ ਸੇਲਜ਼ (ਲਗਭਗ ਨਵੀਆਂ ਸੇਲਾਂ) ਆਯੋਜਿਤ ਕਰਦੀ ਹੈ ਜੋ ਬਹੁਤ ਵਧੀਆ ਹਾਲਤ ਵਿੱਚ ਅਤੇ ਬਹੁਤ ਹੀ ਘੱਟ ਕੀਮਤ ਵਿੱਚ ਸ਼ਾਨਦਾਰ ਕੱਪੜੇ, ਖਿਡੌਣੇ ਅਤੇ ਉਪਕਰਨ ਲੱਭਣ ਦਾ ਸਭ ਤੋਂ ਸਹੀ ਮੌਕਾ ਮੁਹੱਈਆ ਕਰਦੀਆਂ ਹਨ। ਆਉਣ ਅਤੇ ਖਰੀਦਣ ਜਾਂ ਵੇਚਣ ਲਈ ਤੁਹਾਨੂੰ ਮੈਂਬਰ ਹੋਣ ਦੀ ਲੋੜ ਨਹੀਂ ਹੈ।

ਵਾਲੰਟੀਅਰਾਂ ਦਾ ਹਮੇਸ਼ਾਂ ਨਿੱਘਾ ਸੁਆਗਤ ਕੀਤਾ ਜਾਂਦਾ ਇਸ ਦੀ ਪ੍ਰਸ਼ੰਸਾ ਕੀਤੀ ਜਾਂਦੀ ਹੈ।